**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ, ਐਸ.ਏ.ਐਸ.ਨਗਰ**
**(ਸੇਵਾਵਾਂ-3 ਸਾਖਾ)**

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ (ਨਾਮ ਤੇ)
ਜਿਲ੍ਹਾ ਸਿੱਖਿਆ ਸਿੱਖਿਆ ਅਫਸਰ (ਸੈ:ਸਿ:)। **(Through website & e-mail also)**

ਮੀਮੋ ਨੰ: 14/108-17 ਸੇ3 (4)
ਮਿਤੀ:- 07-09-2017

**ਵਿਸਾ:** **ਲੈਕਚਰਾਰਾਂ ਤੋਂ ਬਤੌਰ ਪੀ.ਈ.ਐਸ (ਸਕੂਲ ਤੇ ਇੰਸਪੈਕਸਨ) ਗਰੁੱਪ ਏ ਵਿੱਚ ਪਦ-ਉਨਤੀਆਂ ਕਰਨ ਸਬੰਧੀ ਕੇਸ ਭੇਜਣ ਬਾਰੇ।**

**ਹਵਾਲਾ:** **ਇਸ ਦਫਤਰ ਦੇ ਮੀਮੋ ਨੰ: 14/108-17 ਸੇ3 (4) ਮਿਤੀ 06-09-2017ਨੂੰ ਵਾਪਿਸ ਲੈਂਦੇ ਹੋਏ।**

ਇਸ ਸਬੰਧੀ ਲਿਖਿਆ ਜਾਂਦਾ ਹੈ ਕਿ ਪੀ.ਈ.ਐਸ (ਸਕੂਲ ਤੇ ਇੰਸਪੈਕਸਨ) ਗਰੁੱਪ ਏ ਕਾਡਰ ਵਿੱਚ ਰਿਟਾਇਰਮੈਂਟ ਕਾਰਨ ਜਾਂ ਕਿਸੇ ਹੋਰ ਕਾਰਨ ਖਾਲੀ ਹੋਈਆਂ ਆਸਾਮੀਆਂ ਵਿਚੋਂ ਲੈਕਚਰਾਰ ਕਾਡਰ ਦੇ ਕੋਟੇ ਦੀਆਂ ਆਸਾਮੀਆਂ ਪਦ-ਉਨਤੀ ਰਾਹੀਂ ਭਰੀਆਂ ਜਾਣੀਆਂ ਹਨ। ਇਸ ਸਬੰਧੀ ਲੈਕਚਰਾਰ ਕਾਡਰ ਦੀ ਸੀਨੀਅਰਤਾ ਸੂਚੀ ਵਿਚੋਂ ਕਰਮਚਾਰੀਆਂ ਦੇ ਨਾਂਮ ਵਿਚਾਰੇ ਜਾਣੇ ਹਨ। ਇਨ੍ਹਾਂ ਲੈਕਚਰਾਰਾਂ ਦੀ ਸੂਚੀ (pdf file) ਵਿਭਾਗ ਦੀ ਵੈਬਸਾਈਟ ssapunjab.org ਤੇ ਉਪਲਬਧ ਕਰਵਾਈ ਗਈ ਹੈ। ਇਸ ਸੂਚੀ ਅਨੁਸਾਰ ਜਨਰਲ ਕੈਟਾਗਿਰੀ ਦੇ 2450 ਸੀਨੀਅਰਤਾ ਨੰਬਰ ਤੱਕ, ਅਨੁਸੂਚਿਤ ਜਾਤੀ 2700 ਸੀਨੀਅਰਤਾ ਨੰਬਰ ਤੱਕ, ਅੰਗਹੀਣ, ਆਰਥੋ, ਨੇਤਰਹੀਣ, ਅੰਸਿਕ ਨੇਤਰਹੀਣ ਅਤੇ ਗੂੰਗੇ-ਬੋਲੇ ਦੇ 6000 ਸੀਨੀਅਰਤਾ ਨੰਬਰ ਤੱਕ ਦੇ ਲੈਕਚਰਾਰਾਂ ਦੇ ਨਾਮ ਵਿਚਾਰੇ ਜਾਣੇ ਹਨ।

ਇਸ ਲਿਸਟ ਵਿੱਚ ਦਰਜ ਕਰਮਚਾਰੀਆਂ ਦੇ ਹੇਠ ਲਿਖੇ ਦਸਤਾਵੇਜ ਡਾਇਰੈਕਟੋਰੇਟ ਨੂੰ ਭੇਜੇ ਜਾਣ:

1. ਕਰਮਚਾਰੀ ਵਿਰੁੱਧ ਕੋਈ ਸਿਕਾਇਤ /ਪੜਤਾਲ/ ਜੁਡੀਸ਼ੀਅਲ ਪਰੋਸੀਡਿੰਗਜ਼/ ਵਿਜੀਲੈਂਸ ਕੇਸ ਪੈਂਡਿੰਗ ਨਾ ਹੋਣ ਬਾਰੇ ਸਰਟੀਫਿਕੇਟ ਜੋ ਸਮਰੱਥ ਅਧਿਕਾਰੀ ਤੋਂ ਪ੍ਰਤੀ ਹਸਤਾਖਰ ਕੀਤਾ ਗਿਆ ਹੋਵੇ।
2. ਹਰੇਕ ਕਰਮਚਾਰੀ ਦਾ ਪਰਖ ਕਾਲ ਸਮਾਂ ਪਾਰ ਹੋਣ ਸਬੰਧੀ ਸਰਟੀਫਿਕੇਟ ।
3. ਰਾਖਵੇਂਕਰਨ ਦਾ ਲਾਭ ਲੈਣ ਲਈ ਲੋੜੀਂਦੇ ਸਰਟੀਫਿਕੇਟ ਦੀ ਕਾਪੀ
4. ਪਿਛਲੇ ਪੰਜ ਸਾਲਾਂ ਦੀਆਂ ਸਲਾਨਾ ਗੁਪਤ ਰਿਪੋਰਟਾਂ (ਸਾਲ 2011-12 ਤੋਂ 2015-16 ਤੱਕ) ਸਮਰਥ ਅਧਿਕਾਰੀ ਦੁਆਰਾ ਲਿਖੀਆਂ ਹੋਣ ਅਤੇ ਸਮਰੱਥ ਅਧਿਕਾਰੀ ਤੋਂ ਪ੍ਰਵਾਨ ਕੀਤੀਆਂ ਹੋਣ। ਜੇਕਰ ਕਿਸੇ ਸਾਲ/ਸਾਲਾਂ ਦਾ ਐਨ.ਆਰ.ਸੀ ਹੋਵੇ ਤਾਂ ਉਨ੍ਹਾਂ ਸਾਲ/ਸਾਲਾਂ ਦੇ ਐਨ.ਆਰ.ਸੀ.ਅਤੇ ਉਨੀਆਂ ਹੀ 2011-12 ਤੋਂ ਪਹਿਲੀਆਂ ਗੁਪਤ ਰਿਪੋਰਟਾਂ ਭੇਜੀਆਂ ਜਾਣ। ਜਿਨ੍ਹਾਂ ਲੈਕਚਰਾਰਾਂ ਦੇ ਪਹਿਲਾਂ ਹੀ ਤਰੱਕੀ ਲਈ ਕੇਸ ਭੇਜੇ ਗਏ ਹਨ ਉਨ੍ਹਾਂ ਦੀਆਂ ਸਾਲ 2015-16 ਦੀਆਂ ਸਾਲਾਨਾ ਗੁਪਤ ਰਿਪੋਰਟਾਂ ਵੀ ਭੇਜੀਆਂ ਜਾਣ।

ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਨਾਲ ਨੱਥੀ ਲਿਸਟ ਵਿੱਚ ਦਰਜ ਕਰਮਚਾਰੀਆਂ ਵਿਚੋਂ ਆਪਣੇ ਜਿਲ੍ਹੇ ਨਾਲ ਸਬੰਧਤ ਕਰਮਚਾਰੀਆਂ ਦੇ ਉਪਰੋਕਤ ਅਸਲ ਦਸਤਾਵੇਜ ਆਪ ਦੇ ਦਫਤਰ ਦੇ ਸਬੰਧਤ ਡੀਲਿੰਗ ਹੈਂਡ ਰਾਹੀਂ ਮਿਤੀ 13.09.2017 ਤੱਕ ਡਾਇਰੈਕਟੋਰੇਟ ਦੀ ਸੇਵਾਵਾਂ-3 ਸਾਖਾ ਵਿੱਚ ਨਿੱਜੀ ਪੱਧਰ ਤੇ ਭੇਜਣੇ ਯਕੀਨੀ ਬਣਾਏ ਜਾਣ। ਅਗਰ ਦਫਤਰ ਦੇ ਧਿਆਨ ਵਿੱਚ ਆਇਆ ਕਿ ਆਪ ਵਲੋਂ ਇਹ ਦਸਤਾਵੇਜ ਸਬੰਧਤ ਕਰਮਚਾਰੀ ਤੋਂ ਮੰਗੇ ਜਾ ਰਹੇ ਹਨ ਤਾਂ ਆਪ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ। ਦੇਰੀ ਦਾ ਗੰਭੀਰ ਨੋਟਿਸ ਲਿਆ ਜਾਵੇਗਾ ਅਤੇ ਇਸ ਦੀ ਜੁੰਮੇਵਾਰੀ ਆਪ ਦੀ ਨਿੱਜੀ ਹੋਵੇਗੀ।

ਉਪਰੋਕਤ ਕੇਸਾਂ ਸਬੰਧੀ ਮਿਤੀ 15.09.2017 ਨੂੰ 11.00 ਵਜ੍ਹੇ ਅਮਲਾ ਅਫਸਰ ਦੀ ਪ੍ਰਧਾਨਗੀ ਹੇਠ ਇੱਕ ਮੀਟਿੰਗ ਵੀ ਰੱਖੀ ਗਈ ਹੈ। ਇਸ ਮੀਟਿੰਗ ਵਿੱਚ ਸਾਰੇ ਜਿਲ੍ਹਿਆਂ ਦੇ ਸਬੰਧਤ ਸੁਪਰਡੰਟ ਖੁਦ ਮੀਟਿੰਗ ਅਟੈਂਡ ਕਰਨਗੇ।

ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ।

ਪਿੱਠ ਅੰਕਣ ਨੰ: ਉਕਤ ਮਿਤੀ: 07-09-2017

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਸਕੱਤਰ, ਪੰਜਾਬ ਸਰਕਾਰ, ਸਿੱਖਿਆ ਵਿਭਾਗ (ਸਿ-4 ਸਾਖਾ), ਚੰਡੀਗੜ੍ਹ।
2. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ, ਐਸ.ਏ.ਐਸ. ਨਗਰ।
3. ਡਾਇਰੈਕਟਰ, ਐਸ.ਸੀ.ਈ.ਆਰ.ਟੀ, ਪੰਜਾਬ, ਐਸ.ਏ.ਐਸ ਨਗਰ।
4. ਡਾਇਰੈਕਟਰ ਸਿੱਖਿਆ ਵਿਭਾਗ (ਚੰਡੀਗੜ੍ਹ ਪ੍ਰਸਾਸਨ), ਚੰਡੀਗੜ੍ਹ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਪੰਜਾਬ ਰਾਜ ਤੋਂ ਚੰਡੀਗੜ੍ਹ ਪ੍ਰਸਾਸਨ ਅਧੀਨ ਡੈਪੂਟੇਸਨ ਤੇ ਕੰਮ ਕਰਦੇ ਲੈਕਚਰਾਰ ਦੇ ਕੇਸ ਉਪਰੋਕਤ ਦਸਤਾਵੇਜ ਨਿਸਚਿਤ ਮਿਤੀ ਤੱਕ ਸਬੰਧਤ ਡੀਲਿੰਗ ਹੈਂਡ ਰਾਹੀਂ ਇਸ ਦਫਤਰ ਨੂੰ ਪੁਜਦੇ ਕੀਤੇ ਜਾਣ।
5. ਪੰਜਾਬ ਰਾਜ ਦੇ ਸਮੂਹ ਪ੍ਰਿੰਸੀਪਲ, ਡਾਇਟਸ ਨੂੰ ਲਿਖਿਆ ਜਾਂਦਾ ਹੈ ਕਿ ਉਪਰੋਕਤ ਤਰੱਕੀਆਂ ਸਬੰਧੀ ਮੰਗਿਆ ਗਿਆ ਰਿਕਾਰਡ ਸਬੰਧਤ ਜਿਲ੍ਹਾ ਸਿੱਖਿਆ ਅਫਸਰਾਂ ਰਾਹੀਂ ਭੇਜਿਆ ਜਾਵੇ।

ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ।